International Journal of Research
e-ISSN: 2348-6848 & p-ISSN 2348-795X Vol-5, Special Issue-9
International Seminar on Changing Trends in Historiography: A Global Perspective
Held on 2nd February 2018 organized by The Post Graduate Department of History. Dev Samaj College for Women, Ferozepur City, Punjab, India

# ਮਹਾਰਾਣੀ ਜ਼ਿੰਦਾ (1817–1863)

ਰਾਜ ਕੁਮਾਰ

*Assistant Professor, P.G. Deptt of History, Dev Samaj College for Women, Ferozepur City, PB.*

*ਮਨਦੀਪ ਕੌਰ*

*Student, M.A. II, P. G. Deptt of History, Dev Samaj College for Women, Ferozepur City, PB.*

**Abstract**

*ਪੰਜਾਬ ਦੇ ਇਤਿਹਾਸ ਵਿੱਚ ਮਹਾਰਾਜਾ ਰਣਜੀਤ ਸਿੰਘ ਇੱਕ ਵਿਸ਼ੇਸ਼ ਥਾਂ ਰੱਖਦਾ ਹੈ। ਉਸ ਦੀਆਂ ਬਹੁਤ ਸਾਰੀਆਂ ਰਾਣੀਆਂ ਸਨ। ਮਹਾਰਾਣੀ ਜਿੰਦਾ ਇਹਨਾਂ ਰਾਣੀਆਂ ਵਿੱਚੋ ਇੱਕ ਸੀ। ਉਹ ਮਹਾਰਾਜਾ ਰਣਜੀਤ ਸਿੰਘ ਦੀ ਸੱਭ ਤੋ ਛੋਟੀ ਰਾਣੀ ਸੀ ਜੋ ਲਾਹੌਰ ਸਾਮਰਾਜ ਦੀ ਇੱਕ ਮਜਬੂਤ ਕੜੀ ਸੀ। ਉਹ ਇੱਕ ਸੁਝਵਾਨ ,ਹੌਸਲੇ ਵਾਲੀ, ਅਤੇ ਸੁਚੇਤ ਔਰਤ ਸੀ। ਮਹਾਰਾਣੀ ਜਿੰਦਾ ਕਈ ਵਾਰ ਬੜੇ ਸੁਚਜੇ ਢੰਗ ਨਾਲ ਰਾਜਨੀਤਿਕ ਮਸਲਾਂ ਵਿੱਚ ਮਹਾਰਾਜਾ ਰਣਜੀਤ ਸਿੰਘ ਨੂੰ ਸਲਾਹ ਦਿੰਦੀ ਸੀ। ਉਹ ਇੱਕ ਲੈਤੀ ਰਾਣੀ ਸੀ ਜੋ ਰਾਜੇ ਦੀ ਸਲਾਹਕਾਰ ਸੀ. ਮਹਾਰਾਜਾ ਰਣਜੀਤ ਸਿੰਘ ਦੀ ਮੌਤ 27 ਜੂਨ 1839 ਤੋ ਬਾਅਦ ਮਹਾਰਾਣੀ ਜਿੰਦਾ ਨੂੰ ਅੰਗਰੇਜਾਂ ਤੇ ਡੋਗਰੇ ਸਰਦਾਰਾਂ ਸਾਜ਼ਸ਼ਾ ਦਾ ਸ਼ਿਕਾਰ ਹੋਣਾ ਪਿਆ । ਮਹਰਾਣੀ ਜਿੰਦਾ ਤੋ ਬਾਅਦ ਸਿੱਖ ਰਾਜ ਦਾ ਪਤਨ ਨਿਸ਼ਚਿਤ ਹੋ ਗਿਆ। ਇਹ ਰਿਸਰਚ ਪੇਪਰ ਲਿਖਣ ਦਾ ਮੇਰਾ ਉਦੇਸ਼ ਮਹਾਰਾਣੀ ਜਿੰਦਾ ਦੇ ਇਤਿਹਾਸ ਵਿੱਚ ਉਦਾਹਰਨ ,ਉਹਨਾਂ ਦੇ ਜੀਵਨ ਕਾਲ ਦੀਆਂ ਘਟਨਾਵਾਂ ਨੂੰ ਉਭਾਰਵਾ ਹੈ।*

**MAIN WORDS**:- **ਅੰਗਰੇਜ, ਮਹਾਰਾਜਾ ਦਲੀਪ ਸਿੰਘ , ਪੰਜਾਬ, ਮਹਾਰਾਜਾ ਰਣਜੀਤ ਸਿੰਘ, ਬ੍ਰਿਟਿਸ਼ ਸਰਕਾਰ, ਮਹਾਰਾਣੀ ਜਿੰਦਾ**

## Introduction

ਮਹਾਰਾਣੀ ਜਿੰਦਾ ਰਣਜੀਤ ਸਿੰਘ ਦੀ ਰੂਪਵਾਨ ਰਾਣੀ ਸੀ। ਮਹਾਰਾਣੀ ਜਿੰਦਾ ਦਾ ਜਨਮ 1817 ਈ. ਵਿੱਚ ਸਿੱਖ ਸਾਮਰਾਜ ਵਿੱਚ ਸਰਦਾਰ ਮੰਨਾ ਸਿੰਘ ਔਲਖ ਦੇ ਘਰ ਪਿੰਡ ਚਾਹੜ ਜਿਲ੍ਹਾ ਸਿਆਲਕੋਟ ਵਿੱਚ ਹੋਇਆ। ਸਾਲ 1835 ਮਹਾਰਾਣੀ ਜਿੰਦਾ ਦਾ ਵਿਆਹ ਵਿੱਚ ਮਹਾਰਾਜਾ ਰਣਜੀਤ ਸਿੰਘ ਨਾਲ ਹੋਇਆ ਤੇ ਉਹ ਲਾਹੌਰ ਦੀ ਰਾਣੀ ਬਣ ਕੇ ਆਈ। ਉਸ ਨੇ ਜਲਦੀ ਹੀ ਆਪਣੇ ਰੂਪ ਤੇ ਸੰਭਾਵੀਕ ਗੁਣਾ ਸਦਕਾ ਦਿਨਾਂ ਵਿੱਚ ਹੀ ਮਹਾਰਾਜਾ ਰਣਜੀਤ ਸਿੰਘ ਦਾ ਮਨ ਮੋਹ ਲਿਆ। 4 ਸਤੰਬਰ 1838 ਨੂੰ

ਮਹਾਰਾਣੀ ਜਿੰਦਾ ਦੀ ਕੁੱਖੋ ਦਲੀਪ ਸਿੰਘ ਦਾ ਜਨਮ ਹੋਇਆ ਜੋ ਮਹਾਰਾਜਾ ਸ਼ੇਰ ਸਿੰਘ ਦੀ ਮੌਤ ਤੋ ਬਾਅਦ 18 ਸਤੰਬਰ 1843 ਨੂੰ ਛੇ ਸਾਲ ਦੀ ਉਮਰ ਵਿੱਚ ਲਾਹੌਰ ਰਾਜ ਦੀ ਗੱਦੀ ਤੇ ਬੈਠਾ ਤੇ ਮਹਾਰਾਣੀ ਜਿੰਦਾ ਨੂੰ ਬ੍ਰਿਟਿਸ਼ ਸਰਕਾਰ ਦੁਆਰਾ ਉਸ ਦੀ ਸਰਪ੍ਰਸਪਤ ਬਣਾਇਆ ਗਿਆ।[1]

---

[1] ਡਾ. ਅੰਮ੍ਰਿਤ ਲਾਲ ਪਾਲ, *ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ*, ਸ਼ੰਗਮ ਪਬਲੀਕੇਸ਼ਨ, ਸਮਾਣਾ, 2005, ਪੰਨਾ 31

International Journal of Research
e-ISSN: 2348-6848 & p-ISSN 2348-795X Vol-5, Special Issue-9
International Seminar on Changing Trends in Historiography: A Global Perspective
Held on 2nd February 2018 organized by The Post Graduate Department of History. Dev Samaj College for Women, Ferozepur City, Punjab, India

ਪਹਿਲੀ ਐਗਲੋ ਸਿੱਖ ਜੰਗ 1845-46 ਵਿੱਚ ਦਲੀਪ ਸਿੰਘ ਨੂੰ ਦੂਸਰੀ ਐਗਲੋ ਯੁੱਧ ਤੋਂ ਬਾਅਦ ਰਾਜ ਗੱਦੀ ਤੋਂ ਉਤਾਰਿਆ ਗਿਆ ਅਤੇ ਇੰਗਲੈਂਡ ਭੇਜਿਆ ਗਿਆ। ਸਿੱਖਾ ਦੀ ਹਾਰ ਤੋਂ ਬਾਅਦ ਅੰਗਰੇਜਾਂ ਨੂੰ ਆਪਣਾ ਕੈਦੀ ਬਣਾ ਲਿਆ ਅਤੇ ਨਜਰਬੰਦ ਕਰ ਦਿੱਤਾ। ਮਹਾਰਾਜਾ ਦਲੀਪ ਸਿੰਘ ਨੂੰ 1854 ਵਿੱਚ ਇੰਗਲੈਂਡ ਭੇਜ ਦਿੱਤਾ ਗਿਆ। ਮਹਾਰਾਣੀ ਜਿੰਦਾ ਤੇ ਦਲੀਪ ਸਿਘ ਦੋਹਾਂ ਮਾਂ ਪੁੱਤਰ ਨੂੰ ਇੱਕ ਦੂਜੇ ਨਾਲ ਮਿਲਣ ਨਹੀ ਦਿੱਤਾ। ਇਥੋ ਤੱਕ ਕਿ ਦਲੀਪ ਸਿੰਘ ਨੂੰ ਨੇਪਾਲ ਆਉਣ ਦੀ ਆਖੀਰ ਮਹਾਰਾਜਾ ਦਲੀਪ ਸਿੰਘ ਕਿਸੇ ਨਾ ਕਿਸੇ ਢੰਗ ਨਾਲ ਇੰਗਲੈਂਡ ਤੇ ਕਲੱਕਤੇ ਆ ਗਿਆ ਤੇ ਮਹਾਰਾਜਾ ਜਿੰਦਾ 12 ਸਾਲ ਨੇਪਾਲ ਰਹਿਣ ਮਗਰੋ ਆਪਣੇ ਲਾਡਲੇ ਪੁੱਤਰ ਨੂੰ ਮਿਲਣ ਲਈ ਕਲੱਕਤੇ ਪਹੁੰਚੀ ਤੇ ਉਹ ਮਾਂ ਪੁੱਤ ਅੰਗਰੇਜਾਂ ਦੀਆਂ ਅੱਖਾਂ ਵਿੱਚ ਰੜਕਦੇ ਰਹੇ। ਉੱਥੇ ਉਹਨਾ ਦੋਹਾਂ ਨੂੰ ਇੱਕਠਿਆ ਨਾ ਰਹਿਣ ਦਿੱਤਾ ਗਿਆ। ਮਹਾਰਾਣੀ ਜਿੰਦਾ ਨੂੰ ਕੈਨਸਿੰਗਸਨ ਵਿੱਚ ਆਬਿੰਗਟਨ ਹਾਊਸ ਭੇਜ ਦਿੱਤਾ। ਮਹਾਰਾਣੀ ਜਿੰਦਾ ਹਰ ਦਮ ਸੋਚਾ ਵਿੱਚ ਡੁੱਬੀ ਰਹਿੰਦੀ ਸੀ।ਜਿਸ ਕਾਰਨ ਉਸ ਦੀ ਸਿਹਤ ਦੇ ਮਾਨਸਿਕ ਸੰਤੁਲਨ ਦਿਨ ਬਦਿਨ ਵਿਗੜਦਾ ਗਿਆ। ਆਖੀਰ ਮਹਾਰਾਣੀ ਜਿੰਦਾ 1863 ਇ ਨੂੰ ਉਸ ਦੀ ਮੌਤ ਹੋ ਗਈ। ਆਖਰੀ ਸਮੇ ਵੀ ਮਹਾਰਾਣੀ ਜਿੰਦਾ ਨੂੰ ਪੰਜਾਬ ਲਿਆਉਣ ਦੀ ਆਗਿਆ ਅੰਗਰੇਜਾਂ ਨੇ ਨਹੀ ਦਿੱਤੀ ਸੀ . ਉਸਦਾ ਸੰਸਕਾਰ ਨਰਮਤਾ ਨਦੀ ਦੇ ਕੰਢੇ ਤੇ ਕਰ ਦਿੱਤਾ ਗਿਆ । ਭਾਰਤ ਦੀ ਮਹਾਨ ਮਹਿਲਾ ਸੁਤੰਤਰਤਾ ਸੰਗਰਾਮੀ , ਸ਼ੇਰ ਦਿਲ ਮਹਾਰਣੀ ਜਿੰਦਾ ਦੀ ਯਾਦ ਵਿੱਚ ਸਮਾਧ ਬਣਾਈ ਜਾ ਚੁੱਕੀ ਹੈ। [2]

**Early Life of Maharani Jind Kaur**

ਮਹਾਰਾਣੀ ਜਿੰਦਾ ਮਹਾਰਾਜਾ ਰਣਜੀਤ ਸਿੰਘ ਦੀ ਆਖਰੀ ਰਾਣੀ ਸੀ ਜੋ ਪੂਰਨ ਗੁਰੂ ਮਹਾਰਾਜਾ ਰਣਜੀਤ ਸਿੰਘ ਦੀਆਂ ਬਹੁਤ ਪਿਆਰੀਆ ਰਾਣੀਆਂ ਵਿੱਚੋ ਇੱਕ ਸੀ। ਮਹਾਰਾਣੀ ਜਿੰਦਾ 1817 ਵਿੱਚ ਸਿਆਲਕੋਟ ਦੇ ਪਿਡ ਚਾਹੜ ਵਿੱਚ ਪੈਦਾ ਹੋਈ। ਉਸ ਦੇ ਪਿਤਾ ਦਾ ਨਾ ਸਰਦਾਰ ਮੰਨਾ ਸਿੰਘ ਔਲਖ ਸੀ । ਜੋ ਮਹਾਰਾਜੇ ਦੀ ਘੋੜ ਸਵਾਰ ਸੈਨਾ ਫੋਜ ਦਾ ਕਮਾਂਡਰ ,ਸੀ। ਮਹਾਰਾਣੀ ਜਿੰਦਾ ਕੇਵਲ ਸੁੰਦਰ ਹੀ ਨਹੀ ਸਗੋ ਰੱਜ ਕੇ ਦਲੇਰ ਵੀ ਸੀ। ਮਹਾਰਾਣੀ ਜਿੰਦਾ ਸਗੋ ਆਪਣੇ ਹੀ ਰੂਪ ਕਾਰਨ ਛੇਤੀ ਹੀ ਮਹਾਰਾਜੇ ਦਾ ਦਿਲ ਜਿੱਤ ਲਿਆ ਮਹਾਰਾਜੇ ਰਣਜੀਤ ਸਿੰਘ ਦੀ ਮੋੜ ਤੋ ਬਾਅਦ ਡੋਗਰੇ ਸਰਦਾਰ ਤੇ ਸੰਧਾਵਾਲੀਆ ਸਰਦਾਰਾ ਦੀਆਂ ਆਪਸੀ ਸਾਜ਼ਸ਼ਾ ਕਾਰਨ ਮਹਾਰਾਜਾ ਦੀ ਹਰ ਸੰਤਾਨ ਨੂੰ ਗੱਦੀ ਤੇ ਬਿਠਾ ਕੇ ਮਾਰ ਦਿੰਦੈ ਸਨ। 15 ਸਤੰਬਰ 1843 ਨੂੰ ਦਲੀਪ ਸਿੰਘ ਦੀ ਗੱਦੀ ਤੇ ਬੈਠਣ ਦੀ ਵਾਰੀ ਆਈ। ਇਸ ਨੂੰ ਮਾਰਨ ਲਈ ਡੋਗਰੇ ਸਰਦਾਰਾਂ ਨੇ ਕਈ ਚਾਲਾਂ ਚੱਲਿਆਂ ਪਰ ਮਹਾਰਾਣੀ ਜਿੰਦਾ ਦੀ ਸਿਆਣਪ ਸਦਕਾ ਉਹ ਕਾਮਯਾਬ ਨਾ ਹੋ ਸਕੇ। ਮਹਾਰਾਣੀ ਜਿੰਦਾ ਸਤੰਬਰ ਨੂੰ ਦਲੀਪ ਸਿੰਘ ਦੀ ਗੱਦੀ ਤੇ ਬੈਠਣ ਦੀ ਵਾਰੀ ਆਈ। । ਪਰ ਮਹਾਰਾਣੀ ਜਿੰਦਾ ਦੀ ਸਿਆਣਪ ਸਦਕਾ ਉਹ ਕਾਮਯਾਬੀ ਨਾ ਹੋ ਸਕੇ। ਮਹਾਰਾਣੀ ਜਿੰਦਾ ਨੂੰ ਸੱਭ ਤੋ ਪਹਿਲਾ ਸ਼ੇਖੂ ਪੂਰੇ ਉਸ ਤੋ ਬਾਅਦ ਬਨਾਰਸ ਵਿੱਚ ਅੰਤ .ਯੂ ਪੀ ਵਿੱਚ ਚੂਨਾਰ ਦੇ ਬਦਨਾਮ ਕਿਲੇ ਵਿੱਚ ਬੰਦ ਰੱਖਿਆ ਗਿਆ। ਜਿੱਥੋ ਉਹ ਚਮਤਕਾਰੀ ਰੂਪ ਵਿਚ ਬਾਹਰ ਨਿਕਲੀ ਤੇ ਨੇਪਾਲ ਵਿੱਚ ਕੰਠਮੰਡੂ ਜਾਂ ਪਹੁੰਚੀ ਜਿੱਥੇ ਮਹਾਰਾਣੀ ਜਿੰਦਾ ਨੂੰ ਧੀਮੀ ਗਤੀ ਨਾਲ ਚਲ ਰਹੀ ਸੁਤੰਤਰਤਾ ਸੰਗਰਾਮ ਨੂੰ ਗਤੀ ਪ੍ਰਦਾਨ ਕੀਤੀ। ਨੇਪਾਲ ਦੀ ਬ੍ਰਿਟਿਸ਼ ਰੈਜੀਡੇਟ ਨੇ ਰਾਣੀ ਜਿੰਦਾ ਨੂੰ ਸੂਚਿਤ ਕੀਤਾ ਕਿ ਮਹਾਰਾਜਾ ਦਲੀਪ ਸਿੰਘ ਰਾਜੀ ਖੁਸ਼ੀ ਇੰਗਲੈਂਡ ਪਹੁੰਚ ਗਿਆ। ਉਸ ਨੂੰ ਲੋੜੀਦੀ ਪੈਨਸ਼ਨ ਦਿੱਤੀ ਜਾਦੀ ਸੀ ਮਹਾਰਾਜਾ ਦਲੀਪ ਸਿੰਘ ਨੂੰ ਈਸਾਈ ਧਰਮ ਧਾਰਨ ਕਰਵਾ ਦਿੱਤਾ ਗਿਆ। ਉਸਦੀ ਮਾਤਾ ਅਤੇ ਸਿੱਖ ਧਰਮ ਪ੍ਰਤੀ ਨਫਰਤ ਪੈਦਾ ਕਰ ਦਿੱਤੀ ਗਈ।

ਡਾ. ਅੰਮ੍ਰਿਤ ਲਾਲ ਪਾਲ, *ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ*, ਪੰਨਾ 31

International Journal of Research
e-ISSN: 2348-6848 & p-ISSN 2348-795X Vol-5, Special Issue-9
International Seminar on Changing Trends in Historiography: A Global Perspective
Held on 2nd February 2018 organized by The Post Graduate Department of History. Dev Samaj College for Women, Ferozepur City, Punjab, India

ਮਹਾਰਾਣੀ ਜਿੰਦਾ ਦੇ ਜੀਵਨ ਨਾਲ ਸੰਬੰਧਿਤ ਪੰਜਾਬੀ ਵਿੱਚ ਕਈ ਨਾਟਕ ਵੀ ਮਿਲਦੇ ਹਨ। ਇੱਕ ਨਾਟਕ ਗੋਪਾਲ ਕਰਦੀ ਨੇ ਵੀ ਲਿਖਿਆ ਹੋਇਆ ਹੈ। ਮਹਾਰਾਣੀ ਜਿੰਦਾ ਦਾ ਇਹ ਨਾਟਕ 1914 ਵਿਚ ਛਪਿਆ ਇਸ ਨਾਟਕ ਵਿੱਚ ਮਹਾਰਾਣੀ ਜਿੰਦਾ ਇੱਕ ਬਲਵਾਨ ਇਸ਼ਤਰੀ ਹੈ ਬੇਸ਼ਕ ਉਹ ਰਾਜ  ਭਾਗ ਦੇ ਕੰਮਾ ਚ ਵਿਚ ਹੈ ਉਸਦੇ ਵਾਰਤਾਲਾਪ ਮਹਾਰਾਜੇ ਦੀ ਥਾਂ ਆਪ ਆ ਕੇ ਖਲੋਤੀ ਫੌਜ ਵਿੱਚੋ ਨਵੀ ਰੂੰਹ ਫੂਕਦੀ ਮਾਦੀ:- ਬੀਰੋ ਸਰਦਾਰੇ ਹੁਣ ਤੁਹਾਡੇ ਇਮਤਿਹਾਨ ਵੇਲਾ ਆ ਗਿਆ ।[3] ਸਿੱਖ-ਰਾਜ ਵਿੱਚ ਨਾਜਕ ਘੜੀ ਅੱਗੇ ਕਦੀ ਨਹੀ ਸੀ ਆਈ । ਅੱਜ ਜਾ ਪੰਜਾਹ ਸਾਲ ਦੀ ਉਮਰ ਢਹਿ ਢੇਰੀ ਹੋ ਜਾਵੇਗੀ ਜਾ ਦਿਸਦੀਆਂ ਨਹੀ ਪਾਤਾਲ ਤੱਕ ਪੱਕੀਆ ਹੋ ਜਾਣਗੀਆ ਅਸੀ ਜਿੰਦਗੀ ਤੇ ਮੌਤ ਦੇ ਕਮੇਲ ਤੇ ਖਲੋਤੇ ਹਾਂ । ਜੇ ਜਿੱਤ ਗਏ ਤਾਂ ਸਾਡੀਆ ਨਸਲਾ ਅਜਾਦੀ ਦਾ ਸੁੱਖ ਮਾਣਨਗੀਆਜੇ ਹਾਰ ਗਏ ਤੇ ਸ਼ਹੀਦ ਹੋ ਗਏ ਤਾਂ ਕਰਦਾ ਦੀ ਮੌਤ ਨਾਲੋ ਹੋਰ ਕਿਹੜੀ ਮੌਤ ਚੰਗੀ ਹੈ । ਪੰਜਾਬ 'ਚ ਇਕੋ ਮਰਦ ਮਹਾਰਾਣੀ ਜਿੰਦਾ :- ਮਹਾਰਾਣੀ ਜਿੰਦਾ ਨੂੰ ਇੱਕੋ ਮਰਦ ਵੀ ਇਸਤਰੀ ਚਿਤਰਿਆ ਉਸਦੀ ਦਹਿਸ਼ਤ ਇੰਨੀ ਕੂ ਜਿਆਦਾ ਹੈ ਕਿ ਅੰਗਰੇਜ ਵੀ ਉਸਦੇ ਨਾਂ ਤੋ ਡਰਦੇ ਹਨ । ਲਾਰਸ ਪੰਜਾਬ ਵਿੱਚ ਇੱਕ ਮਰਦ ਔਰਤ ਹੈ ਜਿਸ ਤੇ ਹਕੂਮਤ ਨੂੰ ਖਤਰਾਂ ਹੈ । ਉਸਨੂੰ ਜਲਦੀ ਅਲਵਿੰਦਾ ਕਰਨ ਦਾ ਹੁਕਮ ਹੈ ।[4]

ਪਹਿਲੀ ਐਗਲੋ ਸਿੱਖ ਯੁੱਧ 1845–46 ਵਿੱਚ ਦਲੀਪ ਸਿੰਘ ਨੂੰ ਦੂਸਰੀ ਐਗਲੋ ਯੁੱਧ ਤੋਂ ਬਾਅਦ ਰਾਜ ਗੱਦੀ ਤੋਂ ਉਤਾਰਿਆ ਗਿਆ ਅਤੇ ਇੰਗਲੈਡ ਭੇਜਿਆ ਗਿਆ। ਸਿੱਖਾ ਦੀ ਹਾਰ ਤੋ ਬਾਅਦ ਅੰਗਰੇਜਾ ਨੂੰ ਆਪਣਾ ਕੈਦੀ ਬਣਾ ਲਿਆ ਅਤੇ ਨਜਰਬੰਦ ਕਰ ਦਿੱਤਾ। ਮਹਾਰਾਜਾ ਦਲੀਪ ਘਿ ਨੂੰ 1854 ਵਿੱਚ ਇੰਗਲੈਡ ਭੇਜ ਦਿੱਤਾ ਗਿਆ। ਮਹਾਰਾਣੀ ਜ਼ਿੰਦਾ ਤੇ ਦਲੀਪ ਸਿੰਘ ਦੋਹਾਂ ਮਾਂ ਪੁੱਤਰ ਨੂੰ ਇੱਕ ਦੂਜੇ ਨਾਲ ਮਿਲਣ ਨਹੀ ਦਿੱਤਾ। ਇਥੋ ਤੱਕ ਕਿ ਦਲੀਪ ਸਿੰਘ ਨੂੰ ਨੇਪਾਲ ਆਉਣ ਦੀ ਆਖੀਰ ਮਹਾਰਾਜਾ ਦਲੀਪ ਸਿੰਘ ਕਿਸੇ ਨਾ ਕਿਸੇ ਢੰਗ ਨਾਲ ਇੰਗਲੈਡ ਤੇ ਕਲੱਕਤੇ ਆ ਗਿਆ ਤੇ ਮਹਾਰਾਜਾ ਜਿੰਦਾ 12 ਸਾਲ ਨੇਪਾਲ ਰਹਿਣ ਮਗਰੋ ਆਪਣੇ ਲਾਡਲੇ ਪੁੱਤਰ ਨੂੰ ਮਿਲਣ ਲਈ ਕਲੱਕਤੇ ਪਹੁੰਚੇ ਤੇ ਉਹ ਮਾ ਪੁੱਤ ਅੰਗਰੇਜਾ ਦੀਆਂ ਅੱਖਾਂ ਵਿੱਚ ਰੜਕਦੇ ਰਹੇ। ਉੱਥੇ ਉਹਨਾ ਦੋਹਾਂ ਨੂੰ ਇੱਕਠਿਆ ਨਾ ਰਹਿਣ ਦਿੱਤਾ ਗਿਆ ਮਹਾਰਾਣੀ ਜ਼ਿੰਦਾ ਨੂੰ ਕੈਨਸਿੰਗਸਨ ਵਿੱਚ ਆਬਿੰਗਟਨ ਹਾਉਸ ਭੇਜ ਦਿੱਤਾ ਮਹਾਰਾਣੀ ਜ਼ਿੰਦਾ ਹਰ ਦਮ ਸੋਚਾ ਵਿੱਚ ਡੁੱਬੀ ਰਹਿੰਦੀ ਸੀ। ਜਿਸ ਕਾਰਨ ਉਸ ਦੀ ਸਿਹਤ ਦੇ ਮਾਨਸਿਕ 1863 ਈ: ਨੂੰ ਉਸ ਦੀ ਮੌਤ ਹੋ ਗਈ।[5] ਪਾਣੀਆਂ ਦੀ ਧੀ ਮਹਾਰਾਣੀ ਜਿੰਦਾ - ਮਹਾਰਾਣੀ ਜਿੰਦਾ ਚੁਨਾਰ ਦੇ ਕਿਲੇ ਵਿੱਚੋਂ ਭੱਜ ਕੇ ਮੰਦਰ ਦੇ ਪੁਜਾਰੀ ਕੋਲੋਂ ਚੋਲ ਮੰਗ ਕੇ ਖਾ ਰਿਹਾ ਸੀ ਉਹ ਬੇਹੱਦ ਉਦਾਸ ਤਾਂ ਹੈ ਪਰ ਹਲਾਤ ਨਾਲ ਸਮਝੋਤਾ ਨਹੀਂ ਕਰਨਾ ਚਾਹੀਦਾ ਬੇਹੱਦ ਤੰਗੀ ਭਰੇ ਦਿਨਾਂ ਵਿੱਚ ਵੀ ਉਹ ਰੱਬ ਦੀ ਅਰਾਧਨਾ ਕਰਕੇ ਹਰ ਪਲ ਪੁੱਤਰ ਨੂੰ ਮਿਲਣ ਦੀ ਕੋਸ਼ਿਸ਼ ਕਰਦੀ ਹੈ । ਉਹ ਸਿੱਖ ਧਰਮ ਦੀ ਬਹੁਤ ਵੱਡੀ ਓਪਸ਼ਾ ਸਕੇ।

ਡਾਂ ਗੰਡਾ ਸਿੰਘ ਦੇ ਅਨੁਸਾਰ- ਕਈ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਉਨ੍ਹਾਂ ਇਹ ਗੱਲ ਪ੍ਰਗਟ ਕੀਤੀ ਹੈ ਕਿ ਮਹਾਰਾਣੀ ਜਿੰਦਾ ਲਾਲ ਸਿੰਘ ਅਤੇ ਤੇਜ ਸਿੰਘ ਦੀ ਲੜਾਉਣਾ ਚਾਹੁੰਦੀ ਹੈ। ਜਿਸ ਨਾਲ ਸੈਨਾ ਦੀ ਸ਼ਕਤੀ ਨਿਰਬਲ ਹੋ ਜਾਣ ਅਤੇ ਉਨ੍ਹਾਂ ਦੀ ਵੰਸ਼ ਵਿੱਚ ਹੋ ਜਾਵੇ। ਡਾ. ਨਾਰੰਗ ਅਨੁਸਾਰ,ਰਾਜਮਾਤਾ ਯੁੱਧ ਦੇ ਪੱਖ ਵਿੱਚ ਨਹੀਂ ਸਨ।[6]

---

Khushwant Singh, *A History of the Sikhs 1839-1966*, Vol. 2, p. 233.

[4] ਡਾਂ ਗੰਡਾ ਸਿੰਘ, ਪੰਜਾਬ ਦਾ ਇਤਿਹਾਸ, ਪੰਨਾ 112.

[5] Khushwant Singh, *A History of the Sikhs 1839-1966*, Vol. 2, p. 233.

[6] ਡਾਂ ਗੰਡਾ ਸਿੰਘ, *ਪੰਜਾਬ ਦਾ ਇਤਿਹਾਸ,* ਪੰਨਾ 120.

International Journal of Research
e-ISSN: 2348-6848 & p-ISSN 2348-795X Vol-5, Special Issue-9
International Seminar on Changing Trends in Historiography: A Global Perspective
Held on 2nd February 2018 organized by The Post Graduate Department of History. Dev Samaj College for Women, Ferozepur City, Punjab, India

ਲਾਹੌਰ ਦੀ ਪਹਿਲੀ ਤੇ ਦੂਜੀ ਸੰਧੀ - 9 ਮਾਰਚ 11 ਮਾਰਚ 1846 ਭਾਵੇਂ ਰਾਣੀ ਜਿੰਦਾ ਹਾਕਮ ਵਜੋਂ ਅਮਲ ਕਰਦੀ ਰਹੀ ਅਤੇ ਉਸਦਾ ਵਜੀਰ ਵੀ ਰਾਜਾ ਲਾਲ ਸਿੰਘ ਸੀ ਪਰ ਅਸਲੀ ਸੱਤਾ ਅੰਗਰੇਜ ਰੈਜੀਡੈਂਟ ਕਰਨਲ ਹੈਨਰੀ ਲਾਰੈਂਸ ਦੇ ਹੱਥ ਵਿੱਚ ਸੀ। ਰਾਣੀ ਜਿੰਦਾ ਕੋਲੋਂ ਸਾਰੀ ਸ਼ਕਤੀ ਖੋਹ ਲਈ ਗਈ। ਰਾਣੀ ਜਿੰਦਾ ਨਾਲ ਬੁਰਾ ਸਲੂਕ ਕੀਤਾ ਗਿਆ ਉਸਨੇ ਪਹਿਲੀ ਦੀ ਤਰ੍ਹਾਂ ਮਹਾਰਾਜਾ ਦਲੀਪ ਸਿੰਘ ਦੀ ਰੱਖਿਆ ਦੇ ਰੂਪ ਵਿੱਚ ਕੰਮ ਕੀਤਾ। ਗਵਰਨਰ ਜਰਨਲ ਨੇ ਹੈਨਰੀ ਨੂੰ ਆਪਣਾ ਏਜੰਟ ਨਿਯੁਕਤ ਕੀਤਾ ਲਾਹੋਰ ਵਿੱਚ ਰਹਿਣ ਦਾ ਸੱਦਾ ਭੇਜਿਆ ਅੰਗਰੇਜ ਅਧਿਕਾਰੀਆਂ ਨੇ ਮਹਾਰਾਜਾ ਦਲੀਪ ਸਿੰਘ ਨੂੰ ਇੰਗਲੈਂਡ ਭੇਜ ਦਿੱਤਾ ਗਿਆ। ਮਹਾਰਾਜਾ ਦਲੀਪ ਸਿੰਘ ਈਸਾਈ ਧਰਮ ਅਪਣਾਉਣ ਲਈ ਮਜਬੂਰ ਕੀਤੀ ਗਿਆ ।[7] ਭੈਰੋਵਾਲ ਦੀ ਸੰਧੀ- 16 ਦਸੰਬਰ 1846 ਦੀ ਭੈਰੋਵਾਲ ਦੀ ਸੰਧੀ ਨੂੰ ਲਾਹੋਰ ਦੀ ਦੂਸਰੀ ਸੰਧੀ ਕਿਹਾ ਜਾਂਦਾ ਹੈ। ਰਾਣੀ ਜਿੰਦਾ ਦੀ ਸ਼ਕਤੀ ਖੋਹ ਸਮਾਪਤ ਕਰ ਦਿੱਤੀ ਗਈ। ਮਹਾਰਾਣੀ ਜਿੰਦਾ ਦੀ ਡੇਢ ਲੱਖ ਰੁਪਇਆ ਪੈਨਸ਼ਨ ਕਰ ਦਿੱਤੀ ਗਈ। ਮਹਾਰਾਜਾ ਦਲੀਪ ਸਿੰਘ ਦੇ ਨਾਬਾਲਗ ਹੋਣ ਸਮੇਂ ਸਰਦਾਰਾਂ ਦੀ ਕੌਂਸਲ ਆਫ ਰੈਜਸੀ ਸਥਾਪਿਤ ਕੀਤੀ ਗਈ। ਜਿਹੜੀ ਰੈਜੀਡੈਂਟ ਦੇ ਕੰਮ ਚਲਾਏਗੀ। ਮਹਾਰਾਣੀ ਜਿੰਦਾ ਦੀ ਸਾਰੀ ਸ਼ਕਤੀ ਨੂੰ ਦਬਾ ਕੇ ਰੱਖਿਆ ਗਿਆ ਉਸ ਉਤੇ ਕਰੜੇ ਪਹਿਰੇ ਲਗਾਏ ਗਏ ਬਾਅਦ ਵਿੱਚ ਮਹਾਰਾਣੀ ਜਿੰਦਾ ਦੀ ਪੈਨਸ਼ਨ ਡੇਢ ਲੱਖ ਤੋਂ 48 ਲੱਖ ਕਰ ਦਿੱਤੀ ਗਈ। ਪੰਜਾਬ ਹੁਣ ਪੂਰੇ ਤਰ੍ਹਾਂ ਅੰਗਰੇਜਾਂ ਦੇ ਅਧਿਕਾਰ ਹੋ ਗਿਆ। ਮਹਾਰਾਣੀ ਜਿੰਦਾ ਨਾਲ ਸਖਤ ਵਿਵਹਾਰ - ਅੰਗਰੇਜ ਸਰਕਾਰ ਨੇ ਰਾਣੀ ਜਿੰਦਾ ਨਾਲ ਜੋ ਅਪਮਾਨਜਨਕ ਵਿਵਹਾਰ ਕੀਤਾ ਉਸ ਨਾਲ ਵੀ ਸਿੱਖਾਂ ਵਿੱਚ ਰੋਸ ਦੀ ਲਹਿਰ ਪੈਦਾ ਹੋ ਗਈ। ਭੈਰੋਵਾਲ ਦੀ ਸੰਧੀ ਨਾਲ ਅੰਗਰੇਜਾਂ ਨੇ ਰਾਣੀ ਜਿੰਦਾ ਦੀਆਂ ਸ਼ਕਤੀਆਂ ਲੈ ਲਈਆਂ। ਉਸਨੇ ਸਲਾਨਾ ਡੇਢ ਲੱਖ ਰੁਪਏ ਪੈਨਸ਼ਨ ਕਰ ਦਿੱਤੀ ਗਈ। ਰਾਣੀ ਜਿੰਦਾ ਆਪਣੀ ਨਵੀਂ ਹਾਲਤ ਨਾਲ ਸਮਝੋਤਾ ਨਹੀਂ ਕਰ ਸਕੀ। ਉਸ ਪਾਸੇ ਆਪਣੇ ਦੇਸ਼ ਵਿੱਚ ਜਾਂਦੀ ਸੀ ਪਰ ਅੰਗਰੇਜ ਉਸ ਉਤੇ ਸ਼ੱਕ ਦੀ ਨਜ਼ਰ ਜਰੂਰ ਰੱਖਦੇ ਸਨ। ਇਸ ਲਈ ਉਨ੍ਹਾਂ ਨੇ ਰਾਣੀ ਜਿੰਦਾ ਨੂੰ ਪੰਜਾਬ ਤੋਂ ਬਾਹਰ ਕੱਢਣ ਦਾ ਫੈਸਲਾ ਕਰ ਲਿਆ। ਅਗਸਤ 1847 ਦੇ ਵਿੱਚ ਅੰਗਰੇਜਾਂ ਨੇ ਉਸਨੂੰ ਸ਼ੇਖਪੁਰਾ ਦੇ ਕਿਲੇ ਵਿੱਚ ਬੰਦ ਕਰ ਦਿੱਤਾ ਅਤੇ ਉਸਦੀ ਪੈਨਸ਼ਨ ਵੀ ਘਟਾ ਦਿੱਤੀ ਗਈ। ਉਸ ਨੂੰ ਕਿਲੇ ਵਿਚ ਲਾਹੌਰ ਵਿਖੇ ਰੈਜੀਡੈਂਟ ਨੂੰ ਪੱਤਰ ਲਿਖਿਆ ਜੋ ਤੂੰ ਸਾਨੂੰ ਗਦਾਰਾਂ ਦੇ ਉਕਸਾਉਣ ਉੱਤੇ ਦੇਸ਼ ਨਿਕਾਲਾ ਦਿੱਤਾ। ਜਿਹੜਾ ਵਿਵਹਾਰ ਤੂੰ ਮੇਰਾ ਨਾਲ ਕੀਤਾ। ਜਿਉ ਜਿਉ ਅੰਗਰੇਜ਼ ਸਰਕਾਰ ਮਹਾਰਾਣੀ ਜਿੰਦਾ ਉੱਤੇ ਅੱਤਿਆਚਾਰ ਕਰਦੀ ਸੀ ਤਿਉ ਤਿਉ ਉਸਦਾ ਆਦਰ ਪੰਜਾਬੀਆ ਦੇ ਦਿਲ ਵਿਚ ਵੱਧਦਾ ਜਾਂਦਾ ਹੈ। ਰਾਣੀਜ਼ਿੰਦਾ ਦਾ ਅਪਮਾਨ ਸਿੱਖਾ ਪਾਸੋਂ ਸਹਾਰਿਆ ਨਹੀਂ ਜਾਂਦਾ ਸੀ। ਇਸ ਲਈ ਉਹ ਫਿਰ ਇਕ ਵਾਰੀ ਫਿਰ ਅੰਗਰੇਜ਼ਾਂ ਨਾਲ ਦੋ ਹੱਥ ਕਰਨ ਉੱਤੇ ਤੁੱਲ ਗਏ ।

**Conclusion**

ਅੰਤ ਵਿਚ ਅਸੀ ਕਹਿ ਸਕਦੇ ਮਹਾਰਾਣੀ ਜਿੰਦਾ ਸਿੱਖ ਰਾਜ ਦੀ ਮਹੱਤਵਪੂਰਨ ਔਰਤ ਸੀ । ਇਸਨੇ ਸਿੱਖ ਰਾਜ ਵਿਚ ਬਹੁਤ ਯੋਗਦਾਨ ਪਾਇਆ। ਮਹਾਰਾਜਾ ਦਲੀਪ ਸਿੰਘ ਦੇ ਨਾਬਾਗ ਹੋਣ ਕਰਕੇ ਆਪਣੇ ਰਾਜ ਪ੍ਰਬੰਧ ਦੀ ਵਾਗਡੋਰ ਸੰਭਾਲੀ ਸੀ ਮਹਾਰਾਜਾ ਦਲੀਪ ਸਿੰਘ ਦਾ ਸਾਥ ਦਿੱਤਾ ਗਿਆ ਸੀ। ਮਹਾਰਾਣੀ ਜ਼ਿੰਦਾ ਨੂੰ ਸਰਵ ਉੱਤਮ ਮਹੱਤਵਪੂਰਨ ਇਸਤਰੀ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਮਹਾਰਾਣੀ ਜ਼ਿੰਦਾ ਅੰਗਰੇਜ਼ਾ ਨਾਲ ਸੰਬੰਧ ਚੰਗੇ ਨਹੀ ਸਨ। । ਅੰਗਰੇਜਾ ਨੇ ਮਹਾਰਾਣੀ ਜਿੰਦਾ ਦੀ ਪੈਨਸ਼ਨ ਘਟਾ ਦਿੱਤੀ । ਰਾਜ ਪ੍ਰਬੰਧ ਤੋਂ ਵੱਖ ਕਰ ਦਿੱਤਾ ਗਿਆ ਤੇ ਬ੍ਰਿਟਿਸ਼ ਸਰਕਾਰ ਨੇ ਆਪਣੀਆ ਕੂਟਨੀਤੀਆਂ ਕਰਕੇ ਮਹਾਰਾਣੀ ਜਿੰਦਾ ਨੂੰ ਸਾਰੀ ਉਮਰ ਦਬਾਕੇ ਰੱਖਿਆ ਤੇ ਆਖਿਰ ਪੰਜਾਬ ਨੂੰ ਆਪਣੇ ਅਧਿਕਾਰ ਵਿਚ ਲੈ ਲਿਆ।

7 ਸ਼ਿਵ ਗੁਜਰਾਨੀ, *ਪੰਜਾਬ ਦਾ ਇਤਿਹਾਸ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1791, ਪੰਨਾ 112.

**International Journal of Research**
*e-ISSN: 2348-6848 & p-ISSN 2348-795X Vol-5, Special Issue-9*
**International Seminar on Changing Trends in Historiography: A Global Perspective**
Held on 2nd February 2018 organized by **The Post Graduate Department of History. Dev Samaj College for Women, Ferozepur City, Punjab, India**

## REFERENCES

(1) ਡਾਂ ਅੰਮ੍ਰਿਤ ਲਾਲ ਪਾਲ, (2005) ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ, ਸੰਗਮ ਪਬਲੀਕੇਸ਼ਨਜ ਸਮਾਣਾ।

(2) ਖੁਸਵੰਤ ਸਿੰਘ, (2008) ਸਿੱਖ ਹਿਸਟਰੀ, ਪਬਲੀਸ਼ਰ ਨਵਯੁੱਗ, ਨਵੀ ਦਿੱਲੀ।

(3) ਡਾਂ ਜਸਪਾਲ ਸਿੰਘ, ( 2011 ) ਪੰਜਾਬ ਹਿਸਟਰੀ ਕਨਫਰੰਸ।

(4) ਸ਼ਿਵ ਗੁਜਰਾਨੀ, (1791) ਪੰਜਾਬ ਦਾ ਇਤਿਹਾਸ, ਮੈਦਾਨ ਪਬਲੀਕੇਸ਼ਨ, ਪੰਜਾਬੀ ਯੂਨੀਵਰਸਿਟੀ ।

(5) ਡਾਂ ਗੰਡਾ ਸਿੰਘ, (2002) ਪੰਜਾਬ ਦਾ ਇਤਿਹਾਸ, ਪਬਲੀਕੇਸ਼ਨ ABC ।

(6) ਖੁਸ਼ਵੰਤ ਸਿੰਘ, (2004) ਸਿੱਖ ਹਿਸਟਰੀ, ( ਦੂਸਰਾ ਭਾਗ ) ਪਬਲੀਕੇਸ਼ਨ ਔਕਸਫੋਰਡ ਯੂਨੀਵਰਸਿਟੀ, ਨਵੀ ਦਿੱਲੀ ।